ਵੱਲੋਂ

ਸੀਨੀਅਰ ਪੁਲਿਸ ਕਪਤਾਨ,
ਹੁਸ਼ਿਆਰਪੁਰ।

ਸੇਵਾ ਵਿਖੇ

ਵਧੀਕ ਡਾਇਰੈਕਟਰ ਜਨਰਲ ਪੁਲਿਸ,
ਪਬਲਿਕ ਗਰੀਵਿਐਂਸਜ਼,
ਪੰਜਾਬ, ਚੰਡੀਗੜ।

ਨੰਬਰ 5700ਫ ਮਿਤੀ 29-9-24

ਵਿਸ਼ਾ : **ਸ਼ਿਕਾਇਤ ਵੱਲੋਂ ਰਮਿੰਦਰ ਕੌਰ ਸੱਗੂ ਪੁੱਤਰੀ ਕਰਤਾਰ ਸਿੰਘ ਟਰੱਸਟੀ ਬੀ.ਐਚ.ਐਸ ਚੈਰੀਟੇਬਲ ਹਸਪਤਾਲ ਡਡਿਆਲ ਹੁਸ਼ਿ: ਹਾਲ ਵਾਸੀ ਯੂ.ਕੇ।**

ਯਾਦ-ਪੱਤਰ :

ਹਵਾਲਾ ਆਪ ਜੀ ਦੇ ਦਫਤਰ ਦੇ ਪੱਤਰ ਨੰਬਰ 6426/GC-7/PGD/24 ਮਿਤੀ 13-8-2024 ਦੇ ਸਬੰਧ ਵਿੱਚ।

ਉਪਰੋਕਤ ਦਰਖਾਸਤ ਰਮਿੰਦਰ ਕੌਰ ਸੱਗੂ ਪੁੱਤਰੀ ਕਰਤਾਰ ਸਿੰਘ ਟਰੱਸਟੀ ਬੀ.ਐਚ.ਐਸ ਚੈਰੀਟੇਬਲ ਹਸਪਤਾਲ ਡਡਿਆਲ ਹੁਸ਼ਿ: ਹਾਲ ਵਾਸੀ ਯੂ.ਕੇ ਨੇ ਬਰਖਿਲਾਫ ਸਤਬੀਰ ਸਿੰਘ ਪੁੱਤਰ ਗੁਲਜੀਤ ਸਿੰਘ ਵਾਸੀ ਕਮਾਲਪੁਰ ਜਲੰਧਰ ਰੋਡ ਹੁਸ਼ਿ: ਬਾਬਤ ਹਰਾਸਮੈਂਟ ਕਰਨ ਸਬੰਧੀ ਦਿੱਤੀ ਸੀ।

ਉਪਰੋਕਤ ਦਰਖਾਸਤ ਦੀ ਪੜਤਾਲ ਉਪ ਕਪਤਾਨ ਪੁਲਿਸ/ਸਿਟੀ, ਹੁਸ਼ਿਆਰਪੁਰ ਰਾਹੀਂ ਕਾਰਵਾਈ ਗਈ ਹੈ। ਜਿਨ੍ਹਾਂ ਦੀ ਪੜਤਾਲ ਤੋਂ ਪਾਇਆ ਗਿਆ ਹੈ ਕਿ ਰਮਿੰਦਰ ਕੌਰ ਸੱਗੂ ਜੋ ਇਸ ਵਕਤ ਵਿਦੇਸ਼ ਯੂ.ਕੇ ਵਿੱਚ ਰਹਿ ਰਹੀ ਹੈ ਦਾ ਪੱਖ ਜਾਨਣ ਲਈ ਬਜਰੀਆ ਈ.ਮੇਲ ਪ੍ਰਵਾਨਾ ਨੋਟ ਕਰਵਾਇਆ ਗਿਆ ਸੀ।ਜਿਸ ਦੇ ਜਵਾਬ ਵਿੱਚ ਮੁੜਦੀ ਈ.ਮੇਲ ਰਾਹੀਂ ਰਮਿੰਦਰ ਕੌਰ ਸੱਗੂ ਨੇ ਸਤਬੀਰ ਸਿੰਘ ਖਿਲਾਫ ਉਸ ਨੂੰ ਮਾਨਸਿਕ ਤੌਰ ਤੇ ਤੰਗ ਪਰੇਸ਼ਾਨ ਕਰਨ ਦਾ ਦੋਸ਼ ਲਗਾਇਆ ਹੈ। ਜੋ ਰਮਿੰਦਰ ਕੌਰ ਸੱਗੂ ਵਲੋਂ ਸਤਬੀਰ ਸਿੰਘ ਖਿਲਾਫ ਤੰਗ ਪਰੇਸ਼ਾਨ ਕਰਨ ਸਬੰਧੀ ਲਗਾਏ ਗਏ ਦੋਸ਼ਾਂ ਸਬੰਧੀ ਕੋਈ ਵੀ ਠੋਸ ਸਬੂਤ ਜਾਂ ਦਸਤਾਵੇਜ ਨਹੀ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੀ.ਐਚ.ਐਸ ਚੈਰੀਟੇਬਲ ਹਸਪਤਾਲ ਡਡਿਆਲ ਹੁਸ਼ਿ: ਟਰੱਸਟ ਦੇ ਟਰਸੱਟੀਆਂ ਵਲੋਂ ਦਰਖਾਸਤ ਕਰਤਾ ਰਮਿੰਦਰ ਕੌਰ ਸੱਗੂ ਅਤੇ ਹੋਰਾਂ ਖਿਲਾਫ ਪਹਿਲਾਂ ਹੀ ਧੋਖਾਧੜੀ ਕਰਨ ਸਬੰਧੀ ਮੁਕੱਦਮਾ ਨੰਬਰ 94 ਮਿਤੀ 21-3-2024 ਅ:ਧ:406,420 ਤਹਿਤ ਥਾਣਾ ਸਿਟੀ ਹੁਸ਼ਿ: ਵਿਖੇ ਦਰਜ ਰਜਿਸਟਰ ਹੋ ਚੁੱਕਾ ਹੈ। ਜੋ ਜੇਰ ਸਮਾਇਤ ਅਦਾਲਤ ਹੈ ਅਤੇ ਜੱਜ ਸ਼੍ਰੀ ਕਰਨਵੀਰ ਸਿੰਘ ਮਾਜੂ ਜੇ.ਐਮ.ਆਈ.ਸੀ ਦੀ ਅਦਾਲਤ ਵਲੋਂ ਦਰਖਾਸਤ ਕਰਤਾ ਰਮਿੰਦਰ ਕੌਰ ਸੱਗੂ ਨੂੰ ਮਿਤੀ 15-7-2024 ਨੂੰ ਪੀ.ਓ ਘੋਸ਼ਿਤ ਕੀਤਾ ਜਾ ਚੁੱਕਾ ਹੈ ਇਸ ਲਈ ਦਰਖਾਸਤ ਕਰਤਾ ਰਮਿੰਦਰ ਕੌਰ ਸੱਗੂ ਵਲੋਂ ਉਕਤ ਦਰਖਾਸਤ ਵਿੱਚ ਲਗਾਏ ਗਏ ਦੋਸ਼ ਨਿਰਅਧਾਰ ਅਤੇ ਤੱਥਹੀਣ ਹੋਣ ਕਰਕੇ ਝੂਠੇ ਪਾਏ ਗਏ ਹਨ।ਇਸ ਲਈ ਪੜਤਾਲੀਆ ਅਫਸਰ ਦੀ ਰਿਪੋਰਟ ਦੇ ਅਧਾਰ ਤੇ ਦਰਖਾਸਤ ਦਾਖਲ ਦਫਤਰ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ।

ਸੀਨੀਅਰ ਪੁਲਿਸ ਕਪਤਾਨ,
ਹੁਸ਼ਿਆਰਪੁਰ